# ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ

## ਪੁੱਡਾ ਭਵਨ, ਸੈਕਟਰ-62, ਐੱਸ.ਏ.ਐੱਸ. ਨਗਰ।

**<u>ਜਨਤਕ ਸੂਚਨਾ</u>**

ਗਮਾਡਾ ਵੱਲੋਂ ਅਲਾਟੀਆਂ ਦੇ ਹਿੱਤ ਨੂੰ ਵੇਖਦੇ ਹੋਏ ਆਪਣੇ ਦਫਤਰੀ ਹੁਕਮ Endst.No:GMADA-Sr.Arch-2017/2019-231 dated 04.07.2017 ਰਾਹੀਂ ਈ.ਡਬਲਿਯੂ.ਐੱਸ. ਅਤੇ ਐੱਲ.ਆਈ.ਜੀ ਮਕਾਨਾਂ ਲਈ ਨਵੀਂ ਨੀਡ ਬੇਸਡ ਚੇਜਿਜ਼ ਪਾਲਿਸੀ ਬਣਾਈ ਗਈ ਹੈ। ਇਹ ਪਾਲਿਸੀ ਗਮਾਡਾ ਦੀ ਵੈੱਬਸਾਈਟ www.gmada.gov.in ਤੇ ਵੇਖੀ ਜਾ ਸਕਦੀ ਹੈ। ਇਸ ਵਿੱਚ ਪੰਜਾਬ ਰੀਜ਼ਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈੱਲਪਮੈਂਟ ਐਕਟ, 1995 ਦੀ ਧਾਰਾ 157 ਅਧੀਨ ਬਣਦੀ ਕੰਪਾਊਡਿੰਗ ਫੀਸ ਦੇ ਰੇਟ ਅਤੇ ਪੰਜਾਬ ਅਰਬਨ ਪਲੈਨਿੰਗ ਅਤੇ ਡਿਵੈੱਲਪਮੈਂਟ ਅਥਾਰਿਟੀ (ਬਿਲਡਿੰਗ), ਰੂਲ 2013 ਦੀ ਉਲੰਘਣਾ ਲਈ ਕੰਪਾਊਂਡ ਕਰਵਾਉਣ ਦੇ ਨਿਯਮਾਂ ਅਤੇ ਸ਼ਰਤਾਂ ਨਾਲ ਦਰਸਾਏ ਸ਼ੈਡਿਊਲ ਵਿੱਚ ਦਰਜ ਹਨ। ਉਪਰੋਕਤ ਪਾਲਿਸੀ ਵਿੱਚ ਸ਼ਰਤਾਂ ਅਨੁਸਾਰ ਗਮਾਡਾ ਖੇਤਰ ਵਿੱਚ ਪੈਂਦੇ ਈ.ਡਬਲਿਯੂ.ਐੱਸ.ਅਤੇ ਐੱਲ.ਆਈ.ਜੀ ਮਕਾਨਾਂ ਦੇ ਅਲਾਟੀਆਂ ਨੂੰ ਇਸ ਜਨਤਕ ਸੂਚਨਾ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਮਕਾਨਾਂ ਵਿੱਚ ਪਹਿਲਾਂ ਕੀਤੀ ਗਈ ਉਸਾਰੀ ਨੂੰ ਇਸ ਪਾਲਿਸੀ ਅਧੀਨ ਕੰਪਾਊਂਡ ਕਰਵਾਉਣ ਲਈ ਰਿਵਾਜ਼ੀਡ ਬਿਲਡਿੰਗ ਪਲੈਨ ਸਮੇਤ ਕੰਪਾਊਡਿੰਗ ਫੀਸ ਇਸ ਜਨਤਕ ਸੂਚਨਾ ਦੇ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਸਿੰਗਲ ਵਿੰਡੋਂ ਤੇ ਅਪਲਾਈ ਕੀਤਾ ਜਾਵੇ। ਨਿਰਧਾਰਤ 30 ਦਿਨਾਂ ਤੋਂ ਬਾਅਦ ਕਿਸੇ ਵੀ ਪ੍ਰਤੀ ਬੇਨਤੀ ਤੇ ਕਾਰਵਾਈ ਨਹੀਂ ਕੀਤੀ ਜਾਵੇਗੀ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਅਲਾਟੀ ਨਿਰਧਾਰਤ ਸਮੇਂ ਦੇ ਅੰਦਰ ਆਪਣੀ ਪ੍ਰਤੀ ਬੇਨਤੀ ਨਹੀਂ ਦੇਣਗੇ, ਉਨ੍ਹਾਂ ਅਲਾਟੀਆਂ ਵਿਰੁੱਧ ਪੰਜਾਬ ਰੀਜ਼ਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈੱਲਪਮੈਂਟ ਐਕਟ, 1995 ਦੀ ਧਾਰਾ 45 (3) ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

11/8/2017

ਮਿਲਖ ਅਫਸਰ (ਹਾਊਸਿੰਗ),
ਗਮਾਡਾ,ਐੱਸ.ਏ.ਐੱਸ ਨਗਰ।